

ਫਾਲਸ ਕ੍ਰੀਕ ਸਾਊਥ ਦਾ ਇਲਾਕਾ (ਉੱਤਰ ਵੱਲ ਦੇਖਦੇ ਹੋਏ)

ਫਾਲਸ ਕ੍ਰੀਕ ਸਾਊਥ ਬਾਰੇ

ਫਾਲਸ ਕ੍ਰੀਕ ਸਾਊਥ, ਫਾਲਸ ਕ੍ਰੀਕ ਦੇ ਦੱਖਣੀ ਕੰਢੇ 'ਤੇ ਕੈਂਬੀ ਸਟ੍ਰੀਟ ਬ੍ਰਿਜ ਅਤੇ ਬੁਰਾਰਡ ਸਟ੍ਰੀਟ ਬ੍ਰਿਜ ਦੇ ਵਿਚਕਾਰ ਸਥਿਤ ਹੈ। 1970 ਦੇ ਦਹਾਕੇ ਵਿੱਚ, ਸਿਟੀ ਨੇ ਇਸ ਖੇਤਰ ਵਿੱਚ ਸਨਅਤੀ ਜ਼ਮੀਨ ਨੂੰ ਇੱਕ ਵਿਲੱਖਣ ਭਾਈਚਾਰੇ ਵਿੱਚ ਤਬਦੀਲ ਕਰ ਦਿੱਤਾ ਜਿੱਥੇ ਮਕਾਨਾਂ, ਪਾਰਕ ਦੀਆਂ ਜ਼ਮੀਨਾਂ, ਸਹੂਲਤਾਂ ਅਤੇ ਪਾਣੀ ਦੇ ਕੰਢੇ ਤਕ ਪਹੁੰਚ ਮੌਜੂਦ ਸੀ। ਇਸ ਦੂਰਅੰਦੇਸ਼ੀ ਵਿਕਾਸ ਨੇ ਇੱਕ ਅਜਿਹੀ ਵਿਰਾਸਤ ਦੀ ਸਿਰਜਣਾ ਕੀਤੀ ਜੋ ਕਿ ਰਾਸ਼ਟਰੀ ਤੌਰ 'ਤੇ ਅਤੇ ਵਿਸ਼ਵ ਭਰ ਵਿੱਚ ਪ੍ਰਗਤੀਸ਼ੀਲ ਸ਼ਹਿਰੀ ਯੋਜਨਾਬੰਦੀ ਦਾ ਇੱਕ ਨਮੂਨਾ ਬਣ ਗਈ।

ਵੈਨਕੂਵਰ ਸਿਟੀ ਦੀ ਸਰਕਾਰ, ਵੈਨਕੂਵਰ ਦੇ ਨਾਗਰਿਕਾਂ ਦੀ ਤਰਫ਼ੋਂ ਇਸ 80 ਏਕੜ ਜ਼ਮੀਨ ਦੀ ਮਾਲਕ ਹੈ ਅਤੇ ਇਸਦਾ ਪ੍ਰਬੰਧਨ ਕਰਦੀ ਹੈ। ਬਾਕੀ ਜ਼ਮੀਨ ਜਾਂ ਤਾਂ ਨਿੱਜੀ ਮਲਕੀਅਤ ਹੈ ਜਾਂ ਸਰਕਾਰ ਦੇ ਦੂਜੇ ਪੱਧਰਾਂ ਦੀ ਮਲਕੀਅਤ ਹੈ।


ਜਦੋਂ 1970 ਅਤੇ 1980 ਦੇ ਦਹਾਕਿਆਂ ਵਿੱਚ ਇਸ ਇਲਾਕੇ ਨੂੰ ਪਹਿਲੀ ਵਾਰ ਬਣਾਇਆ ਗਿਆ ਸੀ, ਜ਼ਿਆਦਾਤਰ ਜ਼ਮੀਨ ਸਿਟੀ ਦੀ ਸਰਕਾਰ ਦੁਆਰਾ ਕਿਰਾਏਦਾਰਾਂ ਨੂੰ 60-ਸਾਲਾ ਦੀ ਲੀਜ਼ ਰਾਹੀਂ ਲੀਜ਼ 'ਤੇ ਦਿੱਤੀ ਗਈ ਸੀ, ਅਤੇ ਇਹਨਾਂ ਵਿੱਚੋਂ ਜ਼ਿਆਦਾਤਰ ਲੀਜ਼ਾਂ ਅਗਲੇ 15 ਤੋਂ 25 ਸਾਲਾਂ ਵਿੱਚ ਖਤਮ ਹੋ ਰਹੀਆਂ ਹਨ। 1980 ਦੇ ਦਹਾਕੇ ਤੋਂ ਫਾਲਸ ਕ੍ਰੀਕ ਸਾਊਥ ਵਿੱਚ ਕੋਈ ਨਵੀਂ ਰਿਹਾਇਸ਼ ਨਹੀਂ ਬਣਾਈ ਗਈ ।



ਵਿਕਾਸ ਤੋਂ ਪਹਿਲਾਂ ਫਾਲਸ ਕ੍ਰੀਕ ਸਾਊਥ (1970 ਦਾ ਦਹਾਕਾ, ਉੱਤਰ ਪੱਛਮ ਵੱਲ ਦੇਖਦੇ ਹੋਏ)

ਵੈਨਕੂਵਰ x^{w}məθk^{w}əy̓əm (Musqueam), Sḵwx̱wú7mesh(Squamish), and səl̓ilwətaɬ (Tsleil-Waututh) ਰਾਸ਼ਟਰਾਂ ਦੇ ਸਪੁਰਦ ਨਾ ਕੀਤੇ ਗਏ ਪਰੰਪਰਾਗਤ ਪ੍ਰਦੇਸ਼ਾਂ 'ਤੇ ਸਥਿਤ ਹੈ।

ਰਿਹਾਇਸ਼ ਦੀਆਂ ਵਰਤਮਾਨ ਕਿਸਮਾਂ



ਚਿੰਨ੍ਹ

- ਖੇਤਰ ਦੀ ਹੱਦ
- ਸੜਕ
- ਪਾਰਕ
- ਟ੍ਰਾਂਜ਼ਿਟ ਸਟੇਸ਼ਨ
- ਗੈਰ-ਰਿਹਾਇਸ਼ੀ ਵਰਤੋਂ
- ਗੈਰ ਸਿਟੀ ਦੀ ਮਲਕੀਅਤ ਵਾਲੀ ਪ੍ਰਾਪਰਟੀ

ਕਿਸਮ ਅਨੁਸਾਰ ਰਿਹਾਇਸ਼

- ਕੋ-ਆਪ - ਮਾਰਕੀਟ
- ਕੋ-ਆਪ - ਗੈਰ ਮਾਰਕੀਟ
- ਕਿਰਾਏ ਵਾਲੇ - ਮਾਰਕੀਟ
- ਕਿਰਾਏ ਵਾਲੇ - ਗੈਰ-ਮਾਰਕੀਟ
- ਖਾਸ ਜ਼ਰੂਰੀ ਰਿਹਾਇਸ਼ੀ ਸਹੂਲਤਾਂ
- ਬਜ਼ੁਰਗ - ਗੈਰ-ਮਾਰਕੀਟ
- ਸਟ੍ਰਾਟਾ - ਮਾਰਕੀਟ

ਫਾਲਸ ਕ੍ਰੀਕ ਸਾਊਥ ਮੁੱਖ ਤੌਰ 'ਤੇ ਇੱਕ ਰਿਹਾਇਸ਼ੀ ਇਲਾਕਾ ਹੈ, ਜਿੱਥੇ ਸਿਟੀ ਦੀ ਮਲਕੀਅਤ ਵਾਲੀਆਂ ਜ਼ਮੀਨਾਂ 'ਤੇ ਲਗਭਗ 1,800 ਯੂਨਿਟ ਲੀਜ਼ 'ਤੇ ਦਿੱਤੇ ਗਏ ਹਨ। ਕਿਰਾਏਦਾਰਾਂ ਅਤੇ ਮਾਲਕਾਂ ਦੋਵਾਂ ਲਈ ਕਈ ਤਰ੍ਹਾਂ ਦੀ ਰਿਹਾਇਸ਼ ਹੈ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਲੀਜ਼ਹੋਲਡ ਸਟ੍ਰਾਟਾ (ਟਾਊਨਹਾਊਸ ਅਤੇ ਕੋਂਡੋ)
- ਕੋ-ਆਪ ਹਾਊਸਿੰਗ
- ਗੈਰ-ਮਾਰਕੀਟ ਕਿਰਾਇਆ (ਬਜ਼ੁਰਗਾਂ ਲਈ ਰਿਹਾਇਸ਼ ਸਮੇਤ)
- ਸਮਾਜਕ ਰਿਹਾਇਸ਼
- ਲੰਮੇ-ਸਮੇਂ ਦੇ ਕੇਅਰ ਹੋਮ

ਜ਼ਮੀਨ ਦੀ ਹੋਰ ਮੌਜੂਦਾ ਵਰਤੋਂ

ਫਾਲਸ ਕ੍ਰੀਕ ਸਾਊਥ ਵਿੱਚ ਜਨਤਕ ਜ਼ਮੀਨ ਵਿੱਚ 22 ਏਕੜ ਦੇ ਪਾਰਕ ਅਤੇ ਤਿੰਨ ਕਿਲੋਮੀਟਰ ਦੀ ਸਮੁੰਦਰੀ ਕੰਧ, ਅਤੇ ਨਾਲ ਹੀ ਤਿੰਨ ਮਰੀਨਾ (ਉਹਨਾਂ ਵਿੱਚੋਂ ਦੋ ਵੈਨਕੂਵਰ ਪਾਰਕ ਬੋਰਡ ਮਰੀਨਾ) ਸ਼ਾਮਲ ਹਨ। ਬਹੁਤ ਸਾਰੇ ਮਿਸ਼ਰਿਤ ਵਿਕਾਸ ਵੀ ਹਨ, ਜਿਨ੍ਹਾਂ ਵਿੱਚ ਚਾਰ ਮਿਕਸਡ ਰਿਹਾਇਸ਼ੀ-ਵਪਾਰਕ ਇਮਾਰਤਾਂ, ਅਤੇ ਨਾਲ ਹੀ ਇੱਕ ਐਲੀਮੈਂਟਰੀ ਸਕੂਲ ਵੀ ਸ਼ਾਮਲ ਹੈ। ਫਾਲਸ ਕ੍ਰੀਕ ਸਾਊਥ ਵਿੱਚ ਗ੍ਰੈਨਵਿਲੇ ਆਇਲੈਂਡ ਜਾਂ Senakw ਸ਼ਾਮਲ ਨਹੀਂ ਹਨ।

ਅਬਾਦੀ ਸੰਬੰਧੀ ਅੰਕੜੇ

ਅੱਜ, ਫਾਲਸ ਕ੍ਰੀਕ ਸਾਊਥ ਦੀ ਆਬਾਦੀ ਵੈਨਕੂਵਰ ਦੀ ਆਬਾਦੀ ਦਾ ਇੱਕ ਪ੍ਰਤਿਸ਼ਤ ਹੈ। ਵੈਨਕੂਵਰ ਦੀ ਸਮੁੱਚੀ ਆਬਾਦੀ ਦੇ ਮੁਕਾਬਲੇ, ਫਾਲਸ ਕ੍ਰੀਕ ਸਾਊਥ ਵਿੱਚ ਰਹਿਣ ਵਾਲੇ ਲੋਕਾਂ ਦੀ ਔਸਤ ਉਮਰ ਸ਼ਹਿਰ ਦੀ ਔਸਤ ਨਾਲੋਂ ਵੱਧ ਹੈ, ਫਾਲਸ ਕ੍ਰੀਕ ਸਾਊਥ ਵਿੱਚ ਔਸਤ ਆਮਦਨ ਵੀ ਔਸਤ ਨਾਲੋਂ ਵੱਧ ਹੈ, ਬੱਚਿਆਂ ਵਾਲੇ ਪਰਿਵਾਰਾਂ ਦੀ ਸੰਖਿਆ ਘੱਟ ਹੈ, ਅਤੇ ਦ੍ਰਿਸ਼ਟੀਗਤ ਤੌਰ 'ਤੇ ਘੱਟ-ਗਿਣਤੀ ਵਜੋਂ ਪਛਾਣੇ ਜਾਂਦੇ ਸਮੂਹਾਂ ਦਾ ਅਨੁਪਾਤ ਘੱਟ ਹੈ।



2016 ਦਾ ਜਨਗਣਨਾ ਡਾਟਾ: ਫਾਲਸ ਕ੍ਰੀਕ ਸਾਊਥ ਅਤੇ ਕੁੱਲ ਮਿਲਾ ਕੇ ਵੈਨਕੂਵਰ

ਫਾਲਸ ਕ੍ਰੀਕ ਸਾਊਥ	ਵੈਨਕੂਵਰ
5,597 ਆਬਾਦੀ	**631,486** ਆਬਾਦੀ
54.3 ਔਸਤ ਉਮਰ	**40.7** ਔਸਤ ਉਮਰ
17% ਦ੍ਰਿਸ਼ਟੀਗਤ ਤੌਰ 'ਤੇ ਘੱਟ-ਗਿਣਤੀ	**52%** ਦ੍ਰਿਸ਼ਟੀਗਤ ਤੌਰ 'ਤੇ ਘੱਟ-ਗਿਣਤੀ
$78,176 ਘਰ ਦੀ ਔਸਤ ਆਮਦਨ	**$65,327** ਘਰ ਦੀ ਔਸਤ ਆਮਦਨ
13% ਘੱਟ ਆਮਦਨ ਵਾਲੇਂ ਘਰਾਂ ਵਿੱਚ ਆਬਾਦੀ	**19%** ਘੱਟ ਆਮਦਨ ਵਾਲੇਂ ਘਰਾਂ ਵਿੱਚ ਆਬਾਦੀ

** ਰੋਤ: 2016 ਦੀ ਸਟੈਟਿਸਟਿਕਸ ਕੈਨੇਡਾ ਦੀ ਜਨਗਣਨਾ*

ਭਵਿੱਖ ਲਈ ਮੌਕੇ

ਅਗਲੇ 15 ਤੋਂ 25 ਸਾਲਾਂ ਵਿੱਚ ਬਹੁਤ ਸਾਰੀਆਂ ਲੀਜ਼ਾਂ ਦੇ ਖ਼ਤਮ ਹੋਣ ਨਾਲ, ਸਿਟੀ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਤਰਜੀਹ ਵਾਲੇ ਮੁੱਦਿਆਂ, ਜਿਵੇਂ ਕਿ ਵੈਨਕੂਵਰ ਦਾ ਰਿਹਾਇਸ਼ੀ ਸੰਕਟ, ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨ ਵਿੱਚ ਮਦਦ ਲਈ ਇਹ ਆਪਣੀਆਂ ਜ਼ਮੀਨਾਂ ਦੀ ਸੰਭਾਵੀ ਲੰਮੇ ਸਮੇਂ ਦੀ ਵਰਤੋਂ ਬਾਰੇ ਵਿਚਾਰ ਕਰੇ। ਇਸ ਤੋਂ ਇਲਾਵਾ, ਮੌਜੂਦਾ ਵਸਨੀਕ ਆਪਣੀਆਂ ਲੀਜ਼ਾਂ ਦੇ ਭਵਿੱਖ ਬਾਰੇ ਸਿਟੀ ਤੋਂ ਵਧੇਰੇ ਸਪੱਸ਼ਟਤਾ ਦੀ ਮੰਗ ਕਰ ਰਹੇ ਹਨ। ਅਗਲੇ 50 ਸਾਲਾਂ ਅਤੇ ਇਸ ਤੋਂ ਵੀ ਵੱਧ ਸਮੇਂ ਲਈ ਇਹਨਾਂ ਜ਼ਮੀਨਾਂ ਦੇ ਭਵਿੱਖ ਦੀ ਪੜਚੋਲ ਕਰਨ ਵਿੱਚ, ਸਿਟੀ ਇਲਾਕੇ ਦੇ ਵਰਤਮਾਨ ਵਸਨੀਕਾਂ ਦੇ ਹਿੱਤਾਂ ਨੂੰ ਵੈਨਕੂਵਰ ਦੇ ਉਹਨਾਂ ਵਸਨੀਕਾਂ ਦੇ ਨਾਲ ਸੰਤੁਲਿਤ ਕਰਨ ਦੀ ਕੋਸ਼ਿਸ਼ ਕਰੇਗੀ ਜੋ ਇਸ ਜ਼ਮੀਨ ਦੇ ਮਾਲਕ ਹਨ।

ਅਸੀਂ ਇਸ ਬਾਰੇ ਜਨਤਾ ਦੀ ਰਾਇ ਮੰਗ ਰਹੇ ਹਾਂ ਕਿ ਫਾਲਸ ਕ੍ਰੀਕ ਸਾਊਥ ਵਿੱਚ ਸਿਟੀ ਦੀ ਮਲਕੀਅਤ ਵਾਲੀ ਜ਼ਮੀਨ ਨੂੰ ਕਿਵੇਂ ਵਰਤਿਆ ਜਾ ਸਕਦਾ ਹੈ ਜਿਸ ਨਾਲ ਰਿਹਾਇਸ਼ ਦੇ ਸੰਕਟ ਨੂੰ ਹੱਲ ਕਰਨ ਵਿੱਚ ਮਦਦ ਮਿਲ ਸਕੇ ਅਤੇ ਹੋਰ ਤਰਜੀਹਾਂ ਪ੍ਰਾਪਤ ਕਰਨ ਵਿੱਚ ਯੋਗਦਾਨ ਪਾਇਆ ਜਾ ਸਕੇ ਜਿਵੇਂ ਕਿ ਜਲਵਾਯੂ ਤਬਦੀਲੀ 'ਤੇ ਕਾਰਵਾਈ ਵਿੱਚ ਤੇਜ਼ੀ ਲਿਆਉਣੀ, ਬਰਾਬਰੀ ਅਤੇ ਨਾਜ਼ੁਕ ਸਮਾਜਿਕ ਮੁੱਦਿਆਂ 'ਤੇ ਜ਼ਿਆਦਾ ਧਿਆਨ ਅਤੇ ਸਥਾਨਕ ਅਰਥ-ਵਿਵਸਥਾ ਦੀ ਰੱਖਿਆ ਕਰਨੀ ਅਤੇ ਇਸ ਨੂੰ ਅੱਗੇ ਵਧਾਉਣਾ।

ਇਹ ਸਿਟੀ-ਵਿਆਪੀ ਜਨਤਕ ਸ਼ਮੂਲੀਅਤ, ਸਿਟੀ ਦੇ ਫਾਲਸ ਕ੍ਰੀਕ ਸਾਊਥ **ਇਲਾਕਾ ਯੋਜਨਾਬੰਦੀ ਪ੍ਰੋਗਰਾਮ** ਨਾਲ ਜੁੜੀ ਹੋਈ ਹੈ ਪਰ ਇਹ ਉਸ ਤੋਂ ਸੁਤੰਤਰ ਹੈ ਜਿਸ ਨੂੰ ਕਿ ਹੋਲਡ 'ਤੇ ਰੱਖਿਆ ਗਿਆ ਹੈ। ਅਸੀਂ ਤੁਹਾਡੀ ਫੀਡਬੈਕ ਦੀ ਵਰਤੋਂ ਫਾਲਸ ਕ੍ਰੀਕ ਸਾਊਥ ਵਿੱਚ ਸਿਟੀ ਦੀ ਮਲਕੀਅਤ ਵਾਲੀਆਂ ਜ਼ਮੀਨਾਂ ਬਾਰੇ ਲੰਬੇ ਸਮੇਂ ਦੇ ਫੈਸਲੇ ਲੈਣ ਵਿੱਚ ਮਦਦ ਕਰਨ ਲਈ ਕਰਾਂਗੇ। ਸਾਨੂੰ ਜੋ ਵੀ ਰਾਇ ਮਿਲੇਗੀ ਥੋੜ੍ਹੇ ਸਮੇਂ ਵਿੱਚ ਅਸੀਂ ਉਸਦੇ ਬਾਰੇ ਇੱਕ ਸ਼ਮੂਲੀਅਤ ਦੀ ਸੰਖੇਪ ਰਿਪੋਰਟ ਤਿਆਰ ਕਰਾਂਗੇ ਜਿਸ ਨੂੰ ਅਸੀਂ ਸਾਡੀ ਵੈੱਬਸਾਈਟ 'ਤੇ ਪੋਸਟ ਕਰਾਂਗੇ। ਇਸ ਸ਼ਮੂਲੀਅਤ ਤੋਂ ਜਨਤਾ ਦੀ ਰਾਇ ਸਿਟੀ ਦੀ ਵਿਸ਼ਾਲ ਵੈਨਕੂਵਰ ਯੋਜਨਾ ਨੂੰ ਵੀ ਸੂਚਿਤ ਕਰੇਗੀ।

ਆਪਣੇ ਵਿਚਾਰ ਸਾਂਝੇ ਕਰੋ: shapeyourcity.ca/FCSLands 'ਤੇ ਜਾਓ ਅਤੇ ਸਰਵੇਖਣ ਪੂਰਾ ਕਰੋ

CITY OF VANCOUVER